# ਕੀਟਨਾਸ਼ਕ ਸੁਰੱਖਿਆ

dpr ਜਾਣਕਾਰੀ

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

N No. 6


# ਗ਼ੈਰ-ਖੇਤੀਬਾੜੀ ਥਾਵਾਂ ਵਿੱਚ ਘੱਟੋ ਘੱਟ ਐਕਸਪੋਜ਼ਰ ਵਾਲੇ ਕੀਟਨਾਸ਼ਕਾਂ (MEPs) ਲਈ ਸੁਰੱਖਿਆ ਨਿਯਮ

**ਕੁਝ ਕੀਟਨਾਸ਼ਕਾਂ ਨੂੰ "ਘੱਟੋ ਘੱਟ ਐਕਸਪੋਜ਼ਰ ਵਾਲੇ ਕੀਟਨਾਸ਼ਕ" ਜਾਂ MEPs ਕਿਹਾ ਜਾਂਦਾ ਹੈ, ਕਿਉਂਕਿ ਇਹ ਯਕੀਨੀ ਬਹੁਤ ਜ਼ਰੂਰੀ ਹੈ ਕਿ, ਜਿੱਥੇ ਤੱਕ ਸੰਭਵ ਹੋ ਸਕੇ, ਤੁਹਾਡੇ ਸਰੀਰ 'ਤੇ ਇਨ੍ਹਾਂ ਦਾ ਅਸਰ ਘੱਟ ਤੋਂ ਘੱਟ ਹੋਵੇ।** MEPs ਤੁਹਾਨੂੰ ਕਈ ਅਜਿਹੇ ਤਰੀਕਿਆਂ ਨਾਲ ਅਸਰ ਪਹੁੰਚਾ ਸਕਦੇ ਹਨ, ਜਿਨ੍ਹਾਂ ਵੱਲ ਤੁਸੀਂ ਫੌਰਨ ਧਿਆਨ ਨਹੀਂ ਦਿੰਦੇ। ਜੇ ਤੁਸੀਂ ਉਹਨਾਂ ਦੇ ਅਸਰ ਹੇਠ ਆ ਜਾਂਦੇ ਹੋ, ਤਾਂ ਉਹ ਤੁਹਾਡੇ ਸਰੀਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਅਤੇ ਤੁਹਾਨੂੰ ਇਹੋ ਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਹੋ ਸਕਦਾ ਹੈ, ਜਿਨ੍ਹਾਂ ਦਾ ਤੁਹਾਨੂੰ ਬਹੁਤ ਦੇਰ ਬਾਅਦ ਪਤਾ ਲੱਗੇ।



## "ਘੱਟੋ ਘੱਟ ਪ੍ਰਭਾਵ ਵਾਲੇ ਕੀਟਨਾਸ਼ਕ" ਕੀ ਹਨ?

ਇਹ ਦੋ ਕਿਸਮ ਦੇ **MEPs** ਹਨ, ਜਿਨ੍ਹਾਂ ਦਾ ਸ਼ਾਇਦ ਤੁਸੀਂ ਆਪਣੇ ਕੰਮ ਵਿੱਚ ਇਸਤੇਮਾਲ ਕੀਤਾ ਹੋਏਗਾ:

**1.** ਬਰੋਮੋਕਸੀਨਿਲ **(Bromoxynil)** (ਬਕਟਰਿੱਲ, ਮੈਸਟਰੋ)

- ਇਸਤੇਮਾਲ**:** ਸਜਾਵਟੀ ਘਾਹ ਵਿਚਲੇ ਚੌੜੇ ਪੱਤਿਆਂ ਨੂੰ ਖ਼ਤਮ ਕਰਦਾ ਹੈ (ਜਿਵੇਂ ਗੋਲਫ ਕੋਰਸ)। ਇਸਦਾ ਇਸਤੇਮਾਲ ਗ਼ੈਰ-ਰਿਹਾਇਸ਼ੀ ਭੂ-ਦ੍ਰਿਸ਼ ਰੱਖ ਰਖਾਅ ਅਤੇ ਅਧਿਕਾਰਤ ਰਸਤੇ ਵਿੱਚ ਵੀ ਕੀਤਾ ਜਾਂਦਾ ਹੈ।
- ਖ਼ਤਰਾ**:** ਜੇ ਤੁਸੀਂ ਗਰਭਵਤੀ ਔਰਤ ਹੋ ਅਤੇ ਇਹਨਾਂ ਕੀਟਨਾਸ਼ਕਾਂ ਦਾ ਥੋੜ੍ਹਾ ਜਿਹਾ ਅਸਰ ਵੀ ਤੁਹਾਡੇ ਉੱਤੇ ਹੁੰਦਾ ਹੈ, ਤਾਂ ਇਹ ਤੁਹਾਨੂੰ ਅਤੇ/ਜਾਂ ਤੁਹਾਡੇ ਅਣਜੰਮੇ ਬੱਚੇ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

**2.** ਔਕਸੀਡੇਮੇਟੋਨ-ਮੇਥਾਇਲ **(Oxydemeton-methyl)** (ਮੈਟਾਸਿਸਟੌਕਸ-ਆਰ **(Metasystox-R) (MSR),** ਇੰਜੈਕਟ-ਏ-ਸਾਈਡ **(Inject-A-Cide)**

- ਇਸਤੇਮਾਲ: ਭੂ-ਦ੍ਰਿਸ਼ ਰੁੱਖਾਂ ਅਤੇ ਝਾੜੀਆਂ ਵਿੱਚ ਕੀੜਿਆਂ ਅਤੇ ਘੁਣ 'ਤੇ ਨਿਯੰਤਰਿਤ ਪਾਉਂਦਾ ਹੈ।
- ਖ਼ਤਰਾ: ਇਹ ਕੀਟਨਾਸ਼ਕ ਨਰਵਜ਼ (ਤੰਤੂ) ਸਿਸਟਮ ਤੇ ਅਸਰ ਕਰ ਸਕਦੇ ਹਨ। ਜੇ ਇਨ੍ਹਾਂ ਦਾ ਤੁਹਾਡੇ ਤੇ ਬਹੁਤ ਅਸਰ ਹੋ ਜਾਏ ਤਾਂ ਤੁਹਾਨੂੰ ਫੌਰਨ ਉਲਟੀਆਂ ਆਉਣੀਆਂ ਸ਼ੁਰੂ ਹੋ ਸਕਦੀਆਂ ਹਨ, ਸਿਰ ਦਰਦ, ਪੇਟ ਦਰਦ ਜਾਂ ਤੁਹਾਡੀਆਂ ਅੱਖਾਂ ਵਿੱਚ ਧੁੰਦਲਾਪਣ ਹੋ ਸਕਦਾ ਹੈ। ਜੇ ਤੁਸੀਂ ਮਰਦ ਹੋ ਅਤੇ ਭਾਵੇਂ ਤੁਹਾਡੇ ਤੇ ਇਸਦਾ ਥੋੜ੍ਹਾ ਅਸਰ ਹੋਵੇ, ਤੁਹਾਡੀ ਬੱਚੇ ਪੈਦਾ ਕਰਨ ਦੀ ਸਮਰੱਥਾ ਨੂੰ ਨੁਕਸਾਨ ਪਹੁੰਚ ਸਕਦਾ ਹੈ।

ਸੁਰੱਖਿਆ ਸਬੰਧੀ ਸੁਝਾਅ

6

**ਇਹ ਯਕੀਨੀ ਬਣਾਉਣਾ ਜ਼ਰੂਰੀ** ਹੈ ਕਿ ਜਿੱਥੋ ਤੱਕ ਸੰਭਵ ਹੋ ਸਕੇ, ਤੁਹਾਡੇ ਸਰੀਰ 'ਤੇ MEPs ਦਾ ਅਸਰ ਘੱਟ ਤੋਂ ਘੱਟ ਹੋਵੇ।

## ਜਦੋਂ ਮੈਂ ਇਨ੍ਹਾਂ ਕੀਟਨਾਸ਼ਕਾਂ ਦਾ ਇਸਤੇਮਾਲ ਕਰਦਾ ਹਾਂ ਤਾਂ ਮੇਰੀ ਸੁਰੱਖਿਆ ਲਈ ਮੇਰੇ ਮਾਲਕ ਲਈ ਕੀ ਯਕੀਨੀ ਬਣਾਉਣਾ ਜ਼ਰੂਰੀ ਹੈ ?



ਜੇ ਤੁਸੀਂ MEPs ਨਾਲ ਕੰਮ ਕਰਦੇ ਹੋ, ਤਾਂ ਤੁਹਾਡੇ ਮਾਲਕ ਨੂੰ ਤੁਹਾਨੂੰ ਹੇਠਾਂ ਦਿੱਤੇ ਨਿੱਜੀ ਸੁਰੱਖਿਆ ਉਪਕਰਨ (PPE) ਦੇਣਾ ਜ਼ਰੂਰੀ ਹੈ:

- ਕਵਰਆਲ (ਜਾਂ ਲੰਮੀਆਂ ਬਾਹਾਂ ਵਾਲੀ ਕਮੀਜ਼ ਅਤੇ ਲੰਮੀਆਂ ਪੈਂਟਾਂ)।
- ਰਸਾਇਣ-ਪ੍ਰਤੀਰੋਧਕ ਕੱਪੜੇ, ਜੋ ਤੁਹਾਡੇ ਸਰੀਰ, ਸਿਰ, ਬਾਹਾਂ, ਅਤੇ ਲੱਤਾਂ ਨੂੰ ਢਕਣ, ਉਸ ਸਮੇਂ ਨੂੰ ਛੱਡ ਕੇ ਜਦੋਂ:
    - o ਤੁਸੀਂ ਕੀਟਨਾਸ਼ਕ ਨੂੰ ਰਲਾਉਣ, ਲੱਦਣ, ਜਾਂ ਮਸ਼ੀਨ ਵਿੱਚ ਪਾਉਣ ਲਈ ਬੰਦ ਪ੍ਰਣਾਲੀ ਜਾਂ ਪਾਣੀ ਵਿੱਚ ਘੁਲਣਸ਼ੀਲ ਪੈਕੇਜ ਦਾ ਇਸਤੇਮਾਲ ਕਰਦੇ ਹੋ;
    - o ਤੁਸੀਂ ਕੀਟਨਾਸ਼ਕ ਦਾ ਇਸਤੇਮਾਲ ਕਰਦੇ ਸਮੇਂ ਬੰਦ ਗੱਡੀ ਦੀ ਵਰਤੋਂ ਕਰਦੇ ਹੋ;
    - o ਤੁਸੀਂ ਮਿੱਟੀ ਵਿੱਚ ਕੀਟਨਾਸ਼ਕ ਪਾਉਣ ਜਾਂ ਮਿਲਾਉਣ ਲਈ ਉਪਕਰਨ ਦਾ ਇਸਤੇਮਾਲ ਕਰਦੇ ਹੋ; ਜਾਂ
    - o ਛਿੜਕਾਅ ਨੋਜ਼ਲ ਹੇਠਾਂ ਵੱਲ ਕੀਤੀਆਂ ਹੁੰਦੀਆਂ ਹਨ ਅਤੇ ਤੁਹਾਡੇ ਹੇਠਾਂ ਸਥਿਤ ਹੁੰਦੀਆਂ ਹਨ।
- ਰਸਾਇਣ-ਪ੍ਰਤੀਰੋਧਕ ਦਸਤਾਨੇ ਅਤੇ ਬੂਟ।
- ਕੁਝ ਹਵਾਲਿਆਂ ਨਾਲ, ਅੱਖਾਂ ਦੀ ਸੁਰੱਖਿਆ।
- ਸਹੀ ਪ੍ਰਕਾਰ ਦਾ ਰੈਸਪੀਰੇਟਰ (ਸ਼ਵਾਸ-ਯੰਤਰ) (ਇਸ ਲੀਫ਼ਲੈਟ (ਪਰਚੇ) ਦੇ ਅੰਤ ਵਿੱਚ ਸਾਰਨੀ ਦੇਖੋ)। ਰੈਸਪੀਰੇਟਰਾਂ ਬਾਰੇ ਹੋਰ ਜਾਣਕਾਰੀ ਲਈ, ਆਪਣੇ ਮਾਲਕ ਨੂੰ N-5 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਕਹੋ। ਤੁਹਾਡੇ ਲਈ ਰੈਸਪੀਰੇਟਰ ਪਹਿਨਣਾ ਜ਼ਰੂਰੀ ਹੈ:
    - o ਜਦੋਂ ਤੁਸੀਂ ਸੁੱਕੇ MEPs ਰਲਾਉਂਦੇ ਜਾਂ ਲੱਦਦੇ ਹੋ (ਜਿਵੇਂ ਧੂੜ ਜਾਂ ਪਾਊਡਰ), ਜੇਕਰ ਕੀਟਨਾਸ਼ਕ ਪਾਣੀ ਵਿੱਚ ਘੁਲਣਸ਼ੀਲ ਪੈਕੇਜ ਵਿੱਚ ਨਹੀਂ ਹੈ।
    - o ਜਦੋਂ ਤੁਸੀਂ ਹੱਥ ਨਾਲ ਜਾਂ ਜ਼ਮੀਨ ਤੇ ਰੱਖੇ ਉਪਕਰਨ ਨਾਲ MEPs ਦਾ ਇਸਤੇਮਾਲ ਕਰਦੇ ਹੋ, ਕੁਝ ਹਵਾਲਿਆਂ ਨਾਲ।

ਜੇ ਤੁਸੀਂ ਇਹਨਾਂ ਵਿੱਚੋਂ ਕਿਸੇ ਇੱਕ ਹਵਾਲੇ ਨੂੰ ਪੂਰਾ ਕਰਦੇ ਹੋ, ਤਾਂ ਤਦ ਵੀ ਤੁਹਾਡੇ ਮਾਲਕ ਕੋਲ ਲੋੜੀਂਦਾ PPE ਮੌਜੂਦ ਹੋਣਾ ਅਤੇ ਐਮਰਜੈਂਸੀ ਦੀ ਸਥਿਤੀ ਵਿੱਚ ਉਪਲਬਧ ਕਰਵਾਉਣਾ ਜ਼ਰੂਰੀ ਹੈ। ਤੁਹਾਡੇ ਮਾਲਕ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਹਰ ਰੋਜ਼ ਕੰਮ ਖ਼ਤਮ ਹੋਣ 'ਤੇ PPE ਚੰਗੀ ਤਰ੍ਹਾਂ ਸਾਫ਼ ਕੀਤਾ ਜਾਂਦਾ ਹੈ ਜਾਂ ਸੁੱਟਿਆ ਗਿਆ ਹੈ।



ਇਸ ਤੋਂ ਇਲਾਵਾ, ਤੁਹਾਡੇ ਮਾਲਕ ਲਈ ਇਹ ਮੁਹੱਈਆ ਕਰਨਾ ਜ਼ਰੂਰੀ ਹੈ:

- ਜਿੱਥੇ ਤੁਸੀਂ ਕੀਟਨਾਸ਼ਕਾਂ ਨੂੰ ਰਲਾਉਂਦੇ ਅਤੇ ਲੱਦਦੇ ਹੋ, ਉੱਥੇ ਵੈਸੇ ਧੋਣ ਲਈ ਅਤੇ ਐਮਰਜੈਂਸੀ ਦੀ ਸਥਿਤੀ ਵਿੱਚ ਕਾਫੀ ਪਾਣੀ, ਸਾਬੁਣ, ਅਤੇ ਇੱਕ ਵਾਰ ਵਰਤਣ ਲਈ ਤੌਲੀਏ।
- ਕਾਫੀ ਪਾਣੀ, ਸਾਬੁਣ, ਅਤੇ ਸਾਫ਼ ਤੌਲੀਏ ਵਾਲੀ ਥਾਂ, ਜਿੱਥੇ ਤੁਸੀਂ ਆਪਣਾ ਕੰਮ ਖ਼ਤਮ ਹੋਣ 'ਤੇ ਆਪਣੇ ਕੱਪੜੇ ਬਦਲ ਸਕੋ ਅਤੇ ਹੱਥ-ਮੂੰਹ ਧੋ ਸਕੋ।
- ਤੁਹਾਡੇ ਕੀਟਨਾਸ਼ਕਾਂ ਨਾਲ ਕੰਮ ਕਰਨ ਦੇ ਸਮੇਂ ਤੁਹਾਡੇ ਲਈ ਆਪਣੇ ਕੱਪੜੇ ਸਾਂਭਣ ਲਈ ਇੱਕ ਸਾਫ਼ ਅਤੇ ਕੀਟਨਾਸ਼ਕ-ਮੁਕਤ ਥਾਂ।

## ਕੀ ਕੋਈ ਅਜਿਹੇ ਵਿਸ਼ੇਸ਼ ਨਿਯਮ ਹਨ, ਜਿਨ੍ਹਾਂ ਦੀ ਜਾਣਕਾਰੀ ਮੈਨੂੰ ਹੋਣੀ ਚਾਹੀਦੀ ਹੈ?

- ਜੇ ਤੁਸੀਂ ਬੰਦ ਪ੍ਰਣਾਲੀ, ਪਾਣੀ ਵਿੱਚ ਘੁਲਣਸ਼ੀਲ ਪੈਕੇਜਿੰਗ, ਜਾਂ ਕਿਸੇ ਬੰਦ ਗੱਡੀ ਦਾ ਇਸਤੇਮਾਲ ਕਰਦੇ ਹੋ, ਤਾਂ ਹੋ ਸਕਦਾ ਹੈ, ਤੁਹਾਨੂੰ ਲੇਬਲ ਜਾਂ ਹੋਰਾਂ ਨਿਯਮਾਂ ਦੇ ਅਨੁਸਾਰ PPE ਪਹਿਨਣ ਦੀ ਲੋੜ ਨਾ ਹੋਵੇ। ਉਪਕਰਨ ਅਤੇ PPE ਦੇ ਦੂਜੇ ਪ੍ਰਕਾਰਾਂ, ਜੋ ਤੁਸੀਂ ਪਹਿਨ ਸਕਦੇ ਹੋ, ਬਾਰੇ ਹੋਰ ਜਾਣਕਾਰੀ ਲਈ ਆਪਣੇ ਮਾਲਕ ਨੂੰ N-3 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਕਹੋ।
- ਤੁਹਾਨੂੰ ਅਤੇ ਤੁਹਾਡੇ ਮਾਲਕ ਨੂੰ ਇਹ ਨਿਰਧਾਰਤ ਕਰਨ ਲਈ ਕਿਹੜਾ ਰੈਸਪੀਰੇਟਰ ਪਹਿਨਣਾ ਹੈ, ਪਹਿਲਾਂ ਲੇਬਲ ਨੂੰ ਪੜ੍ਹਨਾ ਚਾਹੀਦਾ ਹੈ। ਜੇ ਲੇਬਲ 'ਤੇ ਨਹੀਂ ਲਿਖਿਆ ਹੋਇਆ ਹੈ, ਤਾਂ ਇਹ ਸਾਰਨੀ ਵਰਤੋ:

**ਘੱਟ ਐਕਸਪੋਜ਼ਰ ਵਾਲੇ ਕੀਟਨਾਸ਼ਕ ਰੈਸਪੀਰੇਟਰ ਦੀ ਲੋੜ**

| ਕੀਟਨਾਸ਼ਕ | ਰੈਸਪੀਰੇਟਰ ਦੀ ਘੱਟ ਲੋੜ |
|---|---|
| ਬਕਟਰਿੱਲ, ਮੈਸਟਰੋ | ਪਾਰਟੀਕੁਲੇਟ ਫਲਿਟਰ (ਆਰ- ਜਾਂ ਪੀ-ਰੇਟ ਦਿੱਤਾ ਹੋਇਆ) |
| ਮੈਟਾਸਿਸਟੌਕਸ-ਆਰ (MSR), ਇੰਜੈਕਟ-ਏ-ਸਾਈਡ | ਆਰ- ਜਾਂ ਪੀ-ਰੇਟ ਦਿੱਤੇ ਹੋਏ ਪਾਰਟੀਕੁਲੇਟ ਫਲਿਟਰ ਦੇ ਨਾਲ ਜੈਵਕਿ ਵਾਸ਼ਪ ਕਾਰਟਰਜਿ |



ਜੇ ਤੁਹਾਨੂੰ ਆਪਣੀ ਟ੍ਰੇਨਿੰਗ ਵਿੱਚ ਲੋੜੀਂਦੀ ਸਾਰੀ ਜਾਣਕਾਰੀ ਨਹੀਂ ਮਿਲਦੀ ਜਾਂ ਤੁਸੀਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਹੋਰ ਜਾਣਕਾਰੀ ਲਈ ਆਪਣੇ ਕਾਉਂਟੀ ਦੇ ਐਗਰੀਕਲਚਰ ਕਮਿਸ਼ਨਰ ਜਾਂ ਡੀਪੀਆਰ ਨੂੰ ਫ਼ੋਨ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੀ ਸਥਾਨਕ ਸਫੈਦ ਪੰਨਿਆਂ ਦੀ ਫੋਨ ਡਾਇਰੈਕਟਰੀ ਵਿੱਚ ਕਮਿਸ਼ਨਰ ਦਾ ਨੰਬਰ ਮਿਲ ਸਕਦਾ ਹੈ, ਜਾਂ *1-87PestLine* 'ਤੇ ਫ਼ੋਨ ਕਰੋ, ਜਾਂ ਇੱਥੇ ਜਾਓ: *http://www.cdfa.ca.gov/exec/county/countymap*

**ਡੀਪੀਆਰ ਦੇ ਖੇਤਰੀ ਦਫਤਰ ਹਨ:**

- **ਉੱਤਰੀ (ਵੈਸਟ ਸੈਕਰਾਮੈਂਟੋ) 916/376-8960**
- **ਸੈਂਟਰਲ (ਕਲੋਇਸ) 559/297-3511**
- **ਦੱਖਣੀ (ਐਨਾਹਾਇਮ) 714/279-7690**

**ਕੀਟਨਾਸ਼ਕ ਬਾਰੇ ਸ਼ਿਕਾਇਤ ?**
**1-87PestLine**
**ਜਾਣਕਾਰੀ ਲਾਈਨ**
**1-877-378-5463**

ਸੁਰੱਖਿਆ ਸਬੰਧੀ ਲੀਫ਼ਲੈਟ (ਪਰਚੇ) ਇੱਥੇ ਉਪਲੱਬਧ ਹਨ:
*https://www.cdpr.ca.gov/docs/whs/psispunjabi.htm*